# ਪੰਜਾਬ ਸਕੂਲ ਸਿੱਖਿਆ ਬੋਰਡ

( ਆਸਾਮੀ ਦਾ ਨਾਂ: - ਕਲਰਕ ਕਮ ਡਾਟਾ ਐਂਟਰੀ ਓਪਰੇਟਰ )

## ਆਨਲਾਈਨ ਅਪਲਾਈ ਕਰਨ ਦੀ ਵਿਧੀ / ਹਦਾਇਤਾਂ

(i) ਵੈਬਸਾਈਟ: www.pseb.ac.in

(ii) ਉਮੀਦਵਾਰ ਵਲੋਂ ਪਹਿਲਾਂ ਉਪਰੋਕਤ ਦਰਸਾਈ ਵੈਬਸਾਈਟ ਉੱਤੇ ਰਜਿਸਟ੍ਰੇਸ਼ਨ ਕਰਵਾਈ ਜਾਵੇਗੀ। ਰਜਿਸਟ੍ਰੇਸ਼ਨ ਕਰਵਾਉਣ ਲਈ ਇਸ ਵੈਬਸਾਈਟ ਉੱਤੇ ਦਿੱਤੇ ਲਿੰਕ click here to register ਉੱਤੇ Click ਕੀਤਾ ਜਾਵੇ ਅਤੇ ਮੰਗੀ ਗਈ ਜਾਣਕਾਰੀ ਭਰੀ ਜਾਵੇ। ਇੱਕ ਵਾਰ ਰਜਿਸਟ੍ਰੇਸ਼ਨ ਕਰਨ ਉਪਰੰਤ ਕੋਈ ਵੀ ਜਾਣਕਾਰੀ ਦੁਬਾਰਾ Update/Edit ਨਹੀਂ ਕੀਤੀ ਜਾਵੇਗੀ। ਉਮੀਦਵਾਰ ਨੂੰ OTP ਭੇਜ ਕੇ ਉਸ ਦਾ ਮੋਬਾਇਲ ਨੰਬਰ ਅਤੇ ਈਮੇਲ ਐਡਰੈਸ ਵੈਰੀਫਾਈ ਕੀਤਾ ਜਾਵੇਗਾ, ਜਿਸ ਉਪਰੰਤ ਉਸ ਦਾ Login successful ਹੋ ਜਾਵੇਗਾ। ਉਸ ਦਾ ਈਮੇਲ ਐਡਰੈਸ ਹੀ ਉਸ ਦਾ ਯੂਜਰ ਆਈ.ਡੀ. ਹੋਵੇਗਾ ਅਤੇ ਪਾਸਵਰਡ ਵੀ ਯੂਜਰ ਵਲੋ ਹੀ ਰੱਖਿਆ ਜਾਵੇਗਾ।

ਯੂਜਰ ਆਈ.ਡੀ. (Email-id) ਅਤੇ ਪਾਸਵਰਡ ਦੀ ਵਰਤੋ ਕਰਕੇ Login ਕਰਨ ਉਪਰੰਤ General Profile ਤੇ ਕਲਿੱਕ ਕੀਤਾ ਜਾਵੇ ਤੇ ਫਾਰਮ ਵਿੱਚ ਦਰਜ ਕਾਲਮ ਪੂਰੇ ਧਿਆਨ ਨਾਲ ਭਰੇ ਜਾਣ। ਇਸ ਉਪਰੰਤ Upload photo and signature ਤੇ ਕਲਿੱਕ ਕਰਕੇ ਹਦਾਇਤ ਅਨੁਸਾਰ ਰੰਗੀਨ ਫੋਟੋ ਅਤੇ ਸਿਗਨੇਚਰ ਅਪਲੋਡ ਕੀਤੇ ਜਾਣ। ਫੀਸ ਭਰਨ ਤੋਂ ਪਹਿਲਾਂ ਵੇਰਵੇ ਮੁੜ ਚੈਕ ਕਰ ਲਏ ਜਾਣ, ਫੀਸ ਭਰਨ ਉਪਰੰਤ ਵੇਰਵਿਆਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ ।

(iii) ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਰਤੀ ਦਾ process ਪੂਰਾ ਹੋਣ ਤੱਕ ਆਪਣਾ ਮੋਬਾਇਲ ਅਤੇ ਈਮੇਲ ਐਡਰੈਸ ਨਾ ਬਦਲਣ ਕਿਉਂ ਜੋ ਬੋਰਡ ਦਫ਼ਤਰ ਵੱਲੋ ਕੋਈ ਵੀ ਸੂਚਨਾ ਇਨਾਂ ਮੋਬਾਇਲ ਅਤੇ ਈਮੇਲ ਐਡਰੈਸ ਤੇ ਹੀ ਦਿੱਤੀ ਜਾਵੇਗੀ।

(iv) Registration process ਮੁਕੰਮਲ ਕਰਨ ਉਪਰੰਤ ਉਮੀਦਵਾਰ ਆਪਣੀ ਫੀਸ ਕਰੈਡਿਟ ਕਾਰਡ,ਡੈਬਿਟ ਕਾਰਡ ਅਤੇ ਆਨ ਲਾਈਨ ਬੈਂਕਿੰਗ ਰਾਹੀਂ ਭਰ ਸਕਦੇ ਹਨ ਅਤੇ ਭਰੀ ਗਈ ਫੀਸ ਦੀ ਟਰਾਂਜ਼ੈਕਸ਼ਨ ਦੇ ਵੇਰਵੇ ਨੋਟ ਕਰਕੇ ਰੱਖੇ ਜਾਣ ਭਾਵ ਉਸ ਦਾ ਸਕਰੀਨ ਸ਼ਾਰਟ ਲੈ ਲਿਆ ਜਾਵੇ ।

(v) ਫੀਸ ਦੀ ਅਦਾਇਗੀ ਉਪਰੰਤ ਇਸ ਫਾਰਮ ਦਾ Printout ਜਰੂਰ ਲਿਆ ਜਾਵੇ ਅਤੇ ਸੰਭਾਲ ਕੇ ਰੱਖਿਆ ਜਾਵੇ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ Application Form ਜਾਂ ਕੋਈ ਹੋਰ ਦਸਤਾਵੇਜ

ਡਾਕ ਰਾਹੀਂ ਇਸ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ। ਕੋਈ ਵੀ ਦਸਤਾਵੇਜ, ਮੰਗੇ ਜਾਣ ਉਪਰੰਤ ਹੀ ਭੇਜਿਆ ਜਾਵੇ।

(vi) ਆਨ ਲਾਈਨ ਰਜਿਸਟ੍ਰੇਸ਼ਨ ਕਰਨ ਅਤੇ ਫੀਸ ਭਰਨ ਦੀ ਆਖਰੀ ਮਿਤੀ:27.11.2018 ਸ਼ਾਮ 5.00 ਵਜੇ ਤੱਕ ਹੈ।

(vii) ਉਮੀਦਵਾਰਾਂ ਦੇ ਫਾਰਮ successful submit ਹੋਣ ਉਪਰੰਤ ਉਨ੍ਹਾਂ ਦੇ ਵੇਰਵੇ / ਸੂਚੀ ਮਿਤੀ 27.11.2018 (ਫਾਰਮ ਭਰਨ ਦੀ ਆਖਰੀ ਮਿਤੀ) ਤੋਂ ਬਾਅਦ ਬੋਰਡ ਦੀ ਵੈਬ-ਸਾਈਟ ਤੇ ਦਰਸਾਈ ਜਾਵੇਗੀ। successful submission ਹੋਣ ਉਪਰੰਤ ਕਿਸੇ ਉਮੀਦਵਾਰ ਦਾ ਨਾਂ ਸੂਚੀ ਵਿੱਚ ਦਰਜ ਨਾ ਹੋਣ ਦੀ ਸੂਰਤ ਵਿੱਚ ਬੋਰਡ ਦਫ਼ਤਰ ਨਾਲ ਸੰਪਰਕ ਕੀਤਾ ਜਾਵੇ। ਫਾਰਮ ਭਰਨ ਸਮੇਂ ਕਿਸੇ ਤਰ੍ਹਾਂ ਦੀ ਔਕੜ੍ਹ ਪੇਸ਼ ਆਉਣ ਤੇ ਹੇਠ ਲਿਖੇ ਫੋਨ ਨੰਬਰਾਂ ਤੇ ( ਕੰਮਕਾਜੀ ਦਿਨਾਂ ਵਿੱਚ ਸਵੇਰੇ 9:00 ਤੋਂ 5:00 ਸ਼ਾਮ ਤੱਕ) ਸੰਪਰਕ ਕੀਤਾ ਜਾਵੇ:-

(ੳ) ਆਸਾਮੀਆਂ / ਯੋਗਤਾਵਾਂ ਸਬੰਧੀ 0172-5227219, 5227222

(ਅ) ਫੀਸਾਂ ਸਬੰਧੀ (ਬੈਂਕ ਦੇ ਮੋਬਾਈਲ ਨੰਬਰ) 80547-00411,412,413

*(Note : Kindly provide below Information while contacting regarding fee:-*

Email ID :
Application No. :
Name :
Father's Name :
Bank Ref. No. :
Payment Date :
Mobile No :
Query Details :

(ੲ) ਟੈਕਨੀਕਲ ਪ੍ਰੋਬਲਮ ਸਬੰਧੀ 0172-5227159, 5227166

ਨੋਟ:- **ਜੇਕਰ ਇੱਕ ਤੋਂ ਵੱਧ ਉਮੀਦਵਾਰਾਂ ਦੇ ਲਿਖਤੀ ਟੈਸਟ ਵਿੱਚੋ ਬਰਾਬਰ ਅੰਕ ਆਉਂਦੇ ਹਨ ਤਾਂ ਜਿਸ ਉਮੀਦਵਾਰ ਦੀ ਉਮਰ ਵੱਧ ਹੋਵੇਗੀ, ਉਸ ਨੂੰ ਮੈਰਿਟ ਵਿੱਚ ਪਹਿਲਾਂ ਰੱਖਿਆ ਜਾਵੇਗਾ ਅਤੇ ਜੇਕਰ ਇੱਕ ਤੋਂ ਵੱਧ ਉਮੀਦਵਾਰਾਂ ਦੇ ਅੰਕ ਅਤੇ ਉਮਰ ਇੱਕੋ ਜਿਹੇ ਹੋਣ ਤਾਂ ਜਿਸ ਉਮੀਦਵਾਰ ਦੇ ਗਰੈਜੂਏਸ਼ਨ ਵਿੱਚ ਵੱਧ ਪ੍ਰਤੀਸ਼ਤ ਅੰਕ ਹੋਣਗੇ, ਉਸ ਨੂੰ ਮੈਰਿਟ ਵਿੱਚ ਪਹਿਲਾਂ ਰੱਖਿਆ ਜਾਵੇਗਾ।**

ਮਿਤੀ: 28.11.2018

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ।